

Punjabi | ਪੰਜਾਬੀ

# SMART WATER ADVICE

## ਲੀਕ ਦੀ ਸ਼ੁਰੂਆਤੀ ਸਮੇਂ ‘ਤੇ ਪਛਾਣ

ਹੌਲੀ-ਹੌਲੀ ਟਪਕਦੀ ਹੋਈ ਟੂਟੀ ਤੋਂ ਹਰ ਘੰਟੇ ਕੁੱਝ ਲੀਟਰ ਪਾਣੀ ਬਰਬਾਦ ਹੋ ਸਕਦਾ ਹੈ। ਜੇਕਰ ਇਹ ਲੀਕ ਗਰਮ ਪਾਣੀ ਵਾਲੀ ਪਾਈਪ ਤੋਂ ਜਾਂ ਪੰਪ ਨਾਲ ਚੱਲਣ ਵਾਲੀ ਪਾਣੀ ਦੀ ਸਪਲਾਈ ਤੋਂ ਹੈ, ਤਾਂ ਇਸ ਨਾਲ ਤੁਹਾਨੂੰ ਬਿਜਲੀ ਲਈ ਵੀ ਵੱਡਾ ਖ਼ਰਚਾ ਝੱਲਣਾ ਪੈ ਸਕਦਾ ਹੈ।

ਇੱਕ ਲਗਾਤਾਰ ਚੱਲਦਾ ਰਹਿਣ ਵਾਲਾ ਟਾਇਲਟ ਸਾਲ ਭਰ ਵਿੱਚ 96,000 ਲੀਟਰ ਤੱਕ ਪਾਣੀ ਬਰਬਾਦ ਕਰ ਸਕਦਾ ਹੈ, ਪਰ ਅਕਸਰ ਟਾਇਲਟ ਦੇ ਲੀਕ ਹੋਣ ਦਾ ਪਤਾ ਨਹੀਂ ਲੱਗਦਾ ਕਿਉਂਕਿ ਪਾਣੀ ਹੌਲੀ-ਹੌਲੀ ਕਟੋਰੇ (ਬੋਲ) ਦੇ ਪਿੱਛੇ ਵੱਲ ਵੱਗਦਾ ਰਹਿੰਦਾ ਹੈ। ਇਸ ਕਾਰਨ ਲੀਕ ਦੀ ਜਲਦੀ ਪਛਾਣ ਅਤੇ ਤੁਰੰਤ ਮੁਰੰਮਤ ਕਰਨਾ ਹੋਰ ਵੀ ਜ਼ਿਆਦਾ ਮਹੱਤਵਪੂਰਨ ਬਣ ਜਾਂਦਾ ਹੈ।

## ਲੀਕ ਦੀ ਜਾਂਚ ਕਰਨ ਲਈ ਆਪਣੇ ਮੀਟਰ ਦੀ ਵਰਤੋਂ ਕਰੋ।

- ਉਹ ਸਮਾਂ ਚੁਣੋ, ਜਦੋਂ ਤੁਸੀਂ ਕੋਈ ਵੀ ਅਜਿਹਾ ਉਪਕਰਨ ਨਹੀਂ ਵਰਤ ਰਹੇ ਹੋ ਜੋ ਪਾਣੀ ਵਰਤਦਾ ਹੋਵੇ, ਜਿਵੇਂ ਕਿ ਰਾਤ ਦਾ ਸਮਾਂ।
- ਯਕੀਨੀ ਬਣਾਓ ਕਿ ਸਾਰੀਆਂ ਟੂਟੀਆਂ ਬੰਦ ਹਨ।
- ਸਭ ਟੈਂਕਾਂ ਅਤੇ ਸਿਸਟਰਨਾਂ ਨੂੰ ਪੂਰੀ ਤਰ੍ਹਾਂ ਭਰਨ ਦਿਓ (ਇਸ ਵਿੱਚ 30 ਮਿੰਟ ਤੱਕ ਲੱਗ ਸਕਦੇ ਹਨ)।
- ਮੀਟਰ ਦੀ ਪਹਿਲੀ ਰੀਡਿੰਗ ਲਵੋ (ਕਾਲੇ ਅਤੇ ਲਾਲ ਦੋਵੇਂ ਅੰਕ ਪੜ੍ਹੋ)।
- ਸਾਰੇ ਉਪਕਰਨਾਂ ਨੂੰ ਰਾਤ ਭਰ ਬੰਦ ਹੀ ਰਹਿਣ ਦਿਓ।
- ਸਵੇਰੇ ਉੱਠ ਕੇ ਪਾਣੀ ਦੀ ਵਰਤੋਂ ਕਰਨ ਤੋਂ ਪਹਿਲਾਂ ਦੂਜੀ ਰੀਡਿੰਗ ਲਓ।
- ਵੇਖੋ ਕਿ ਡਾਇਲ ‘ਤੇ ਆਖ਼ਰੀ ਅੰਕਾਂ ਵਿੱਚ ਕੋਈ ਤਬਦੀਲੀ ਆਈ ਹੈ ਜਾਂ ਨਹੀਂ। ਜੇ ਹਾਂ, ਤਾਂ ਇਸਦਾ ਮਤਲਬ ਹੈ ਕਿ ਲੀਕ ਹੈ। ਜਿੰਨੀ ਵੱਡੀ ਤਬਦੀਲੀ ਹੋਵੇਗੀ, ਲੀਕ ਵੀ ਓਨ੍ਹਾ ਹੀ ਵੱਡਾ ਹੋਵੇਗਾ!
- ਜੇਕਰ ਤੁਹਾਨੂੰ ਸ਼ੱਕ ਹੈ ਕਿ ਤੁਹਾਡੇ ਕੋਲ ਵੱਡਾ ਲੀਕ ਹੈ, ਤਾਂ ਤੁਹਾਨੂੰ ਸ਼ਾਇਦ ਵਿਸ਼ੇਸ਼ ਸਾਜ਼ੋ-ਸਮਾਨ ਵਾਲੇ ਪਲੰਬਰ ਦੀ ਮਦਦ ਦੀ ਲੋੜ ਪਵੇਗੀ।

# ਹੋਰ ਜਾਂਚਾਂ, ਜੋ ਕਰਨੀ ਚਾਹੀਦੀਆਂ ਹਨ

- ਪਾਣੀ ਲੀਕ ਹੋਣ ਦੇ ਸੰਕੇਤਾਂ ਜਾਂ ਆਵਾਜ਼ਾਂ ਲਈ, ਆਪਣੀਆਂ ਟੂਟੀਆਂ ਅਤੇ ਟਾਇਲਟਾਂ ਦੀ ਨਿਯਮਿਤ ਤੌਰ 'ਤੇ ਜਾਂਚ ਕਰੋ।
- ਜਦੋਂ ਤੁਸੀਂ ਕੁੱਝ ਸਮੇਂ ਲਈ ਗਰਮ ਪਾਣੀ ਦੀ ਵਰਤੋਂ ਨਾ ਕੀਤੀ ਹੋਵੇ, ਤਾਂ ਆਪਣੇ ਹਾਟ ਵਾਟਰ ਸਿਸਟਮ ਦੇ ਐਕਸਪੈਂਸ਼ਨ ਵਾਲਵ ਦੀ ਜਾਂਚ ਕਰੋ। ਵਾਲਵ ਵਿੱਚੋਂ ਪਾਣੀ ਲਗਾਤਾਰ ਨਹੀਂ ਟਪਕਣਾ ਚਾਹੀਦਾ ਹੈ।
- ਬਗੀਚੇ ਦੀਆਂ ਟੂਟੀਆਂ ਨਾਲ ਹਮੇਸ਼ਾਂ ਜੁੜੀਆਂ ਰਹਿਣ ਵਾਲੀਆਂ ਹੋਜ਼ਾਂ ਜਾਂ ਸਿੰਚਾਈ ਪਾਈਪਾਂ ਨੂੰ ਅਲੱਗ ਕਰੋ। ਫਿਰ ਜਾਂਚ ਕਰੋ ਕਿ ਟੂਟੀਆਂ ਵਿੱਚੋਂ ਪਾਣੀ ਲੀਕ ਤਾਂ ਨਹੀਂ ਹੋ ਰਿਹਾ ਹੈ।
- ਘਾਹ ਵਿੱਚ ਅਜਿਹੇ ਹਰੇ ਧੱਬੇ ਲੱਭੋ, ਜੋ ਆਲੇ-ਦੁਆਲੇ ਦੇ ਘਾਹ ਤੋਂ ਵੱਖਰੇ ਦਿੱਖ ਰਹੇ ਹੋਣ। ਇਸਦਾ ਮਤਲਬ ਇਹ ਹੋ ਸਕਦਾ ਹੈ ਕਿ ਜ਼ਮੀਨ ਹੇਠਾਂ ਪਾਈਪ ਵਿੱਚ ਲੀਕ ਹੈ।
- ਟਾਇਲਟ ਦੇ ਸਿਸਟਰਨਾਂ ਨੂੰ ਫਲੱਸ਼ ਕਰਨ ਦੇ ਵਿਚਕਾਰ ਕੋਈ ਵੀ ਪਾਣੀ ਨਹੀਂ ਛੱਡਣਾ ਚਾਹੀਦਾ ਹੈ।

  ਆਪਣੇ ਟਾਇਲਟ ਬਾਊਲ ਦੀ ਜਾਂਚ ਕਰਨ ਲਈ, ਟਾਇਲਟ ਬਾਊਲ ਦੇ ਪਿਛਲੇ ਪਾਸੇ ਸੁੱਕੇ ਟਾਇਲਟ ਪੇਪਰ ਦਾ ਇੱਕ ਛੋਟਾ ਜਿਹਾ ਟੁਕੜਾ ਰੱਖੋ ਅਤੇ ਵੇਖੋ ਕਿ ਕੀ ਇਹ ਅਗਲੀ ਫਲੱਸ਼ ਤੱਕ ਸੁੱਕਾ ਰਹਿੰਦਾ ਹੈ ਜਾਂ ਨਹੀਂ।
- ਜੇਕਰ ਤੁਸੀਂ ਆਪਣੇ ਟਾਇਲਟ ਵਿੱਚ ਹੋਰ ਲੀਕ ਦੀ ਜਾਂਚ ਕਰਨੀ ਚਾਹੁੰਦੇ ਹੋ, ਤਾਂ ਇਨ੍ਹਾਂ ਸਧਾਰਨ ਕਦਮਾਂ ਦੀ ਪਾਲਣਾ ਕਰੋ:
  1. ਆਪਣੇ ਟਾਇਲਟ ਦੇ ਸਿਸਟਰਨ ਦਾ ਢੱਕਣ ਹਟਾਓ।
  2. ਸਿਸਟਰਨ ਵਿੱਚ ਫੂਡ ਡਾਈ ਦੀਆਂ ਕੁੱਝ ਬੂੰਦਾਂ ਪਾਓ।
  3. ਆਪਣੇ ਟਾਇਲਟ ਨੂੰ 10-15 ਮਿੰਟਾਂ ਲਈ ਫਲੱਸ਼ ਨਾ ਕਰੋ।
  4. ਜੇਕਰ ਵਾਪਸ ਆਉਣ 'ਤੇ ਰੰਗ ਟਾਇਲਟ ਦੇ ਬੋਲ ਵਿੱਚ ਨਜ਼ਰ ਆਵੇ, ਤਾਂ ਇਹ ਸਮਝੋ ਕਿ ਟਾਇਲਟ ਵਿੱਚ ਲੀਕ ਹੈ।






**The Water Conservancy ਯੂ-ਟਿਊਬ ਚੈਨਲ 'ਤੇ 'ਕਿਵੇਂ ਕਰੀਏ' ਵੀਡੀਓ ਗਾਈਡਾਂ ਦੇਖੋ।**

SMART WATER ADVICE

**ਹੋਰ ਜਾਣਕਾਰੀ ਲਈ, ਇੱਥੇ ਵੇਖੋ:**
**www.smartwateradvice.org**

ਪੇਸ਼ਕਰਤਾ

the water conservancy